# ਪੂਰਬ ਜਨਮ ਕੇ ਮਿਲੇ ਸੰਜੋਗੀ



**ਸ. ਭਾਗਵੰਤ ਅਤਰ ਸਿੰਘ :** ਅਕਾਲ ਪੁਰਖ ਦੀਆਂ ਬਖਸ਼ਿਸ਼ਾਂ ਦਾ ਸਦਕਾ ਗੁਰਮਤਿ ਦੇ ਭੌਰੇ ਸੱਜਣ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਦੇ ਗੁਰਬਾਣੀ ਦੇ ਲੰਗਰ ਦੇ ਸ਼ੁਰੂ ਕੀਤੇ ਮਿਸ਼ਨ ਤੋਂ ਪ੍ਰਭਾਵਿਤ ਹੋਏ ਅਤੇ ਸਹਿਯੋਗ ਲਈ ਅੱਗੇ ਆਏ ਐਸੇ ਗੁਰਮੁੱਖਾਂ ਦੀ ਮੁੱਢਲੀ ਕਤਾਰ ਵਿੱਚ ਸ.ਭਾਗਵੰਤ ਅਤਰ ਸਿੰਘ ਕਸ਼ਮੀਰ ਵਾਲੇ ਜੀ ਸਨ, ਜੋ ਉਸ ਸਮੇਂ ਕੋਠੀ ਨੂੰ : ੪੭, ਸੈਕਟਰ ੧੯ ਏ, ਚੰਡੀਗੜ੍ਹ ਵਿੱਚ ਰਹਿੰਦੇ ਸਨ। ਆਪ ਜੀ ਨੇ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਦੇ ਪੱਤ੍ਰਿਕਾ ਦੇ ਕਾਰਜਾਂ ਵਿੱਚ ਸੇਵਾ ਦੇ ਨਾਲ ਨਾਲ ਮਾਇਕ ਸਹਾਇਤਾ ਵਜੋਂ ਸੰਗਤਾਂ ਵੱਲੋਂ ਆਈ ਭੇਟਾ ਅਤੇ ਪੱਤ੍ਰਿਕਾ ਤੇ ਹੋਏ ਖਰਚੇ ਵਿੱਚ ਪਏ ਫਰਕ ਨੂੰ ਆਪਣੇ ਵਲੋਂ ਪੂਰਨ ਦੀ ਪੇਸ਼ਕਸ਼ ਕੀਤੀ। ਇਸ ਤਰ੍ਹਾਂ ਮਾਸਿਕ ਖਰਚੇ ਦਾ ਘਾਟਾ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਅਤੇ ਸ.ਭਾਗਵੰਤ ਅਤਰ ਸਿੰਘ ਜੀ ਮਿਲ ਕੇ ਪੂਰਾ ਕਰਦੇ ਰਹੇ। ਸ.ਭਾਗਵੰਤ ਅਤਰ ਸਿੰਘ ਜੀ ਗੁਰਬਾਣੀ ਅਧਿਐਨ ਵਿੱਚ ਬਹੁਤ ਰੁੱਚੀ ਰੱਖਦੇ ਸਨ ਅਤੇ ਅਧਿਆਤਮਿਕ ਲੇਖ ਲਿਖਣ ਅਤੇ ਧਾਰਮਿਕ ਪੁਸਤਕਾਂ ਲਿਖਣ ਵਿੱਚ ਵੀ ਆਪ ਜੀ ਦਿਲਚਸਪੀ ਲੈਂਦੇ ਸਨ। ਆਪ ਜੀ ਦੀਆਂ ਹੇਠ ਲਿਖੀਆਂ ਪੁਸਤਕਾਂ ਸੰਸਥਾ ਵੱਲੋਂ ਪ੍ਰਕਾਸ਼ਿਤ ਹਨ। ੧) ਸ੍ਰਿਸ਼ਟੀ-ਰਚਨਾ, ੨) ਸੰਤੁ ਪਦ ਨਿਰਣੈ, ੩) ਸੋਹਿਲਾ, ਸਦੁ ਅਤੇ ਅਲਾਹਣੀਆ ਸਟੀਕ, ੮) ਵਾਹਿਦ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ), ੫) ਜ਼ਫ਼ਰਨਾਮਾ, ੬) ਚੌਪਈ ਸਟੀਕ

ਆਪ ਜੀ ਕਸ਼ਮੀਰ ਦੇ ਰਹਿਣ ਵਾਲੇ ਸਨ ਅਤੇ ਅਕਾਲੀ ਕੌਰ ਸਿੰਘ ਜੀ ਨਾਲ ਆਪ ਦੀ ਬਹੁਤ ਨੇੜਤਾ ਸੀ। ਆਪ ਜੀ ਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਤੁਕ-ਤਤਕਰਾ, ਅਕਾਲੀ ਕੌਰ ਸਿੰਘ ਜੀ ਵਲੋਂ ਲਿਖੇ ਗ੍ਰੰਥ ਤੁਕ-ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰਭਾਵਿਤ ਹੋ ਕੇ, ਉਸ ਦੇ ਅਧਾਰ ਉਤੇ ਪ੍ਰਕਾਸ਼ਿਤ ਕਰਵਾਇਆ।



**ਡਾ: ਪਰਮਜੀਤ ਸਿੰਘ ਜੀ :** ਸ.ਸਰਦਾਰਾ ਸਿੰਘ ਜੀ ਦੇ ਸਭ ਤੋਂ ਪੁਰਾਣੇ ਸਹਿਯੋਗੀ ਡਾ: ਪਰਮਜੀਤ ਸਿੰਘ ਸਿੱਖਿਆ ਵਿਭਾਗ ਤੋਂ ਸੇਵਾ ਮੁਕਤ ਹੋ ਕੇ ਹੁਣ **'ਗੁਰਬਾਣੀ ਚਾਨਣੁ'** ਪੱਤ੍ਰਿਕਾ ਦੇ ਮੁੱਖ ਸੰਪਾਦਕ ਅਤੇ **'ਗੁਰਬਾਣੀ ਇਸੁ ਜਗ ਮਹਿ ਚਾਨਣੁ'** ਸੰਸਥਾ ਦੇ ਜਨਰਲ ਸਕੱਤਰ ਵਜੋਂ ਸੇਵਾ ਨਿਭਾਅ ਰਹੇ

ਹਨ। ਆਪ ਜੀ ਨੇ ਸੰਨ ੧੯੭੦-੭੧ ਵਿੱਚ ਪੰਜਾਬੀ ਯੂਨੀਵਰਸਿਟੀ ਤੋਂ ਐਮ.ਏ ਪੰਜਾਬੀ ਕੀਤੀ ਅਤੇ ਉਸੇ ਸਮੇਂ ਸਰਦਾਰਾ ਸਿੰਘ ਜੀ ਨੇ ਵੀ ਐਮ.ਏ. ਪੰਜਾਬੀ ਉਨ੍ਹਾਂ ਨਾਲ ਇਕੱਠਿਆਂ ਕੀਤੀ। ਇਸੇ ਦੌਰਾਨ ਆਪ ਜੀ ਦਾ ਸੰਪਰਕ ਸ.ਸਰਦਾਰਾ ਸਿੰਘ ਨਾਲ ਬਣਿਆ। ਸ: ਪਰਮਜੀਤ ਸਿੰਘ ਜੀ ਨੇ ਸਰਵਿਸ ਦੌਰਾਨ ਪੜ੍ਹਾਈ ਜਾਰੀ ਰੱਖੀ ਅਤੇ ੧੯੮੯-੯੦ ਵਿੱਚ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।

ਨੌਕਰੀ ਦੌਰਾਨ ਵੀ ਆਪ ਜੀ ਨੇ ਗੁਰਮਤਿ ਦੇ ਅਨੇਕ ਵਿਸ਼ਿਆਂ ਤੇ ਰਿਸਰਚ ਪੇਪਰ (ਖੋਜ-ਪੱਤਰ) ਲਿਖੇ ਅਤੇ ਖੋਜ ਮੰਤਵ ਨੂੰ ਲੈ ਕੇ ਅਨੇਕ ਪੁਸਤਕਾਂ ਦਾ ਲੇਖਨ ਕੀਤਾ। ਇਸ ਸਮੇਂ ਵੀ ਆਪ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਾਸਿਕ ਪੱਤ੍ਰਿਕਾ 'ਗੁਰਮਤਿ ਪ੍ਰਕਾਸ਼' ਲਈ ਲੇਖ ਲਿਖਦੇ ਹਨ ਅਤੇ ਹੋਰ ਧਾਰਮਿਕ ਸੰਸਥਾਨਾਂ ਲਈ ਲੇਖਨ ਦੁਆਰਾ ਗੁਰਮਤਿ ਦੇ ਕਈ ਗਿਆਨ ਭਰਪੂਰ ਵਿਚਾਰਾਂ ਦੀ ਸਾਂਝ ਕਰਦੇ ਹਨ। ਇਸ ਤੋਂ ਇਲਾਵਾ ਆਪ ਜੀ ਨੇ ਕਈ ਸਮਾਜਿਕ, ਆਰਥਿਕ ਤੇ ਵਾਤਾਵਰਣ ਦੇ ਵਿਸ਼ਿਆਂ ਤੇ ਪੁਸਤਕਾਂ ਲਿਖੀਆਂ ਹਨ, ਖਾਸ ਕਰਕੇ ਇਸਤਰੀਆਂ ਦੀ ਜਾਗਰੂਕਤਾ ਦੇ ਸੰਬੰਧ ਵਿੱਚ ਵੀ ਕੁਝ ਪੁਸਤਕਾਂ ਲਿਖੀਆਂ ਹਨ। ਆਪ ਜੀ ਨੇ ਹਿੰਦੀ, ਬੰਗਾਲੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੀਆਂ ਪੁਸਤਕਾਂ ਦੇ ਪੰਜਾਬੀ ਅਨੁਵਾਦ ਵੀ ਕੀਤੇ ਹਨ, ਜੋ ਕਿ ਸਿੱਖਿਆ ਵਿਭਾਗ ਅਤੇ ਭਾਰਤ ਗਿਆਨ ਵਿਗਿਆਨ ਸੰਮਤੀ ਵੱਲੋਂ ਛਪਵਾ ਕੇ ਲਾਇਬ੍ਰੇਰੀਆਂ ਵਿੱਚ ਵੰਡੀਆਂ ਗਈਆਂ ਹਨ।

ਪਹਿਲੇ ਤਾਂ ਆਪ ਦਫਤਰ ਵੱਲੋਂ ਛੁੱਟੀ ਦੇ ਬਾਅਦ ਹੀ ਸੰਸਥਾ ਨੂੰ ਸਮਾਂ ਦੇ ਪਾਉਂਦੇ ਸਨ। ਪਰ ਆਪ ਜੀ ਨੇ ੧੯੯੦ ਤੋਂ ਸ.ਸਰਦਾਰਾ ਸਿੰਘ ਜੀ ਨਾਲ ਪੱਕੇ ਤੌਰ ਤੇ ਸੰਸਥਾ ਦੀ ਪੱਤ੍ਰਿਕਾ "ਗੁਰਬਾਣੀ ਚਾਨਣੁ" ਲਈ ਸਹਿਯੋਗ ਦੇਣਾ ਅਰੰਭ ਕਰ ਦਿੱਤਾ। ਡਾ: ਸਾਹਿਬ ਦੱਸਦੇ ਹਨ ਕਿ ਪਹਿਲਾਂ ਆਪ ਜੀ ੨੦ ਸੈਕਟਰ ਵਿੱਚ ਰਹਿੰਦੇ ਸਨ। ਦਫ਼ਤਰੋਂ ਆ ਕੇ ਸ਼ਾਮ ਨੂੰ ੧੯ ਸੈਕਟਰ ਗੁਰਦੁਆਰੇ ਮੱਥਾ ਟੇਕ ਕੇ ਉਹ ਸ: ਭਾਗਵੰਤ ਅਤਰ ਸਿੰਘ ਜੀ ਦੇ ਨਿਵਾਸ ਤੇ ਜਾ ਕੇ ਸ. ਭਾਗਵੰਤ ਅਤਰ ਸਿੰਘ, ਸ.ਸਰਦਾਰਾ ਸਿੰਘ, ਸ.ਕਰਤਾਰ ਸਿੰਘ ਭਾਂਬੜ ਨਾਲ ਮਿਲ ਕੇ ਗੁਰਬਾਣੀ ਦਾ ਅਧਿਅਨ ਕਰਦੇ ਅਤੇ ਉਥੇ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਅਰਥਾਂ ਸਮੇਤ ਕੀਤੀ। ਇਥੇ ਹੀ ਗੁਰਮਤਿ ਦੇ ਵਿਸ਼ਿਆਂ ਤੇ ਵਿਚਾਰ ਕਰਕੇ ਲੇਖ ਲਿਖੇ ਜਾਂਦੇ ਅਤੇ ਕਈ ਪੁਸਤਕਾਂ ਨੂੰ ਲਿਖ ਕੇ ਪ੍ਰਕਾਸ਼ਿਤ ਕੀਤਾ ਗਿਆ ਜਿਨ੍ਹਾਂ ਦਾ ਵੇਰਵਾ ਅੱਗੇ ਦਿੱਤੇ ਗਿਆ ਹੈ। ਇਹ ਗੁਰਬਾਣੀ-ਕਲਾਸ ੧੯੯੧ ਤੋ ੧੯੯੯ ਤੱਕ ਚੱਲਦੀ ਰਹੀ। ਆਪ ਜੀ ਨੇ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਨਾਲ ਮਿਲ ਕੇ ਸੰਪਾਦਕੀ ਬੋਰਡ ਦੇ

ਨਾਮ ਹੇਠ ਕਈ ਪੁਸਤਕਾਂ ਲਿਖੀਆਂ ਹਨ। ਉਸ ਤੋਂ ਇਲਾਵਾ ਆਪ ਜੀ ਦੀਆਂ ਹੇਠ ਲਿਖੀਆਂ ਪੁਸਤਕਾਂ ਸੰਸਥਾ ਦਾ ਸਾਹਿਤਕ ਖਜ਼ਾਨਾ ਹਨ :

(੧) ਵਣਜਾਰਿਆ ਮਿੱਤ੍ਰਾ, (੨) ਚਉਬੋਲੇ ਮਹਲਾ ੫,

(੩) ਗੁਰੂ ਗੋਬਿੰਦ ਸਿੰਘ ਜੀ (ਜੀਵਨੀ)

ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਦੇ ਸੱਚ ਖੰਡ ਜਾਣ ਤੋਂ ਬਾਅਦ ਆਪ ਜੀ ਨਵੰਬਰ, ੨੦੧੭ ਤੋਂ ਪੱਤ੍ਰਿਕਾ ਦੇ ਮੁੱਖ ਸੰਪਾਦਕ ਦੀਆਂ ਸੇਵਾਵਾਂ ਨਿਭਾਅ ਰਹੇ ਹਨ। ਆਪ ਜੀ ਵਲੋਂ ਹਰ ਮਹੀਨੇ ਪੱਤ੍ਰਿਕਾ ਵਿੱਚ ਵਿਦਵਤਾ ਭਰਪੂਰ ਲੇਖ ਲਿਖੇ ਜਾ ਰਹੇ ਹਨ। ਆਪ ਜੀ ਵੱਲੋਂ ਸੰਪਾਦਿਤ ਤਿੰਨ ਪੁਸਤਕਾਂ (੧) ਨਾਨਕ ਸਾਇਰ ਏਵ ਕਹਤ ਹੈ (੨) ਭਗਤ ਨਾਮ ਦੇਵ ਜੀ (੩) ਭਗਤ ਰਵਿਦਾਸ ਜੀ ਪਿਛਲੇ ਕੁਝ ਸਮੇਂ ਵਿੱਚ ਛਪੀਆਂ ਹਨ ਜਿਨ੍ਹਾਂ ਵਿੱਚ ਆਪ ਜੀ ਦਾ ਪ੍ਰਮੁੱਖ ਯੋਗਦਾਨ ਹੈ।



**ਗਿਆਨੀ ਸਵਿੰਦਰ ਸਿੰਘ:** ਗੁਰਬਾਣੀ ਕੀਰਤਨ ਦੇ ਰਸੀਆ ਗਿਆਨੀ ਜੀ ਜੋ ੯੮ ਸਾਲ ਦੀ ਆਯੂ ਵਿੱਚ, ਅੱਜ-ਕੱਲ੍ਹ ੩੭ ਸੈਕਟਰ ਵਿੱਚ ਰਹਿ ਰਹੇ ਹਨ। ਆਪ ਜੀ 'ਗੁਰਬਾਣੀ ਚਾਨਣੁ' ਪੱਤ੍ਰਿਕਾ ਪੜ੍ਹ ਕੇ ਸ.ਸਰਦਾਰਾ ਸਿੰਘ ਜੀ ਦੇ ਸੰਪਰਕ ਵਿੱਚ ਆਏ ਅਤੇ ਉਨ੍ਹਾਂ ਦੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਸਹਿਯੋਗੀ ਬਣ ਕੇ ਤਨ ਦੇਹੀ ਨਾਲ ਸੇਵਾ ਵਿੱਚ ਜੁੱਟ ਗਏ। ਆਪ ਜੀ ਨਿਸ਼ਕਾਮ ਕੀਰਤਨ ਕਰਦੇ ਅਤੇ ਕੀਰਤਨ ਭੇਟਾ ਦੇ ਰੂਪ ਵਿੱਚ ਇਕੱਤਰ ਹੋਈ ਮਾਇਆ ਨੂੰ ਸੰਸਥਾ ਦੇ ਕਾਰਜਾਂ ਲਈ ਭੇਟ ਕਰਦੇ ਸਨ। ਸੰਸਥਾ ਦੇ ਪ੍ਰਚਾਰ ਸਕੱਤਰ ਦੇ ਤੌਰ ਤੇ ਆਪ ਜੀ ਅਨੇਕ ਸਾਲ ਸਮਰਪਿਤ ਰਹੇ। ਆਪ ਜੀ ਨੇਮ ਨਾਲ ਸੰਸਥਾ ਵਿੱਚ ਹਰ ਸ਼ਨਿਚਰਵਾਰ ਕੀਰਤਨ ਦੀ ਸੇਵਾ ਵੀ ਬਹੁਤ ਲੰਮਾ ਸਮਾਂ ਨਿਭਾਉਂਦੇ ਰਹੇ। ਵਡੇਰੀ ਉਮਰ ਹੋਣ ਕਾਰਨ ਸੰਸਥਾ ਵਿੱਚ ਆਉਣ ਤੋਂ ਅਸਮਰਥ ਹਨ।

ਆਪ ਜੀ ਦੇ ਗੁਰਮਤਿ ਬਾਰੇ ਲਿਖੇ ਲੇਖ ਵੀ ਪੱਤ੍ਰਿਕਾ ਵਿੱਚ ਅਕਸਰ ਛਪਦੇ ਰਹੇ ਹਨ। ਆਪ ਜੀ ਵਲੋਂ ਲਿਖੀਆ ਹੇਠ ਲਿਖੀਆਂ ੬ ਪੁਸਤਕਾਂ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਸੰਸਥਾ ਦੁਆਰਾ ਪ੍ਰਕਾਸ਼ਿਤ ਕਰਵਾਈਆ ਗਈਆਂ ਹਨ।

੧) ਜਾਪੁ ਸਾਹਿਬ ਅਤੇ ਸਵੱਯੇ ਸਟੀਕ (ਸਟੀਕ), ੨) ਸਲੋਕ ਸਹਸਕ੍ਰਿਤੀ (ਸਟੀਕ), ੩) ਲੇਖਾ ਰਬੁ ਮੰਗੇਸੀਆ, ੪) ਸਲੋਕ ਮਹਲਾ-੯ (ਸਟੀਕ) , ੫) ਜਰੁ ਆਈ ਜੋਬਨਿ ਹਾਰਿਆ, ੬) ਕੇਸ ਗੁਰੂ ਕੀ ਮੋਹਰ

**ਸ.ਕਰਤਾਰ ਸਿੰਘ ਭਾਂਬੜ** : ਸ. ਕਰਤਾਰ ਸਿੰਘ ਭਾਂਬੜ ਵੀ ਸ.ਸਰਦਾਰਾ ਸਿੰਘ ਜੀ ਦੇ ਪਹਿਲੇ ਸਹਿਯੋਗੀਆਂ ਵਿੱਚੋਂ ਇੱਕ ਸਨ। ਆਪ ਜੀ ਮਕਾਨ ਨੰ: ੯੦, ਸੈਕਟਰ-੩੦ ਬੀ, ਚੰਡੀਗੜ੍ਹ ਵਿੱਚ ਰਹਿੰਦੇ ਸਨ ਅਤੇ ਹਰ ਤਰ੍ਹਾਂ ਦੇ ਸਹਿਯੋਗ ਲਈ ਤਤਪਰ ਰਹਿੰਦੇ ਸਨ। ਆਪ ਜੀ ਨੇ ਅਨੇਕ ਲੇਖ ਲਿਖੇ ਹਨ ਜੋ ਸਮੇਂ ਸਮੇਂ ਪੱਤ੍ਰਿਕਾ ਵਿੱਚ ਛਪਦੇ ਰਹੇ ਹਨ। ਆਪ ਜੀ ਨੇ ਧਾਰਮਿਕ ਕਵਿਤਾਵਾਂ ਦੀਆਂ ਹੇਠ ਲਿਖੀਆਂ ਪੁਸਤਕਾਂ ਲਿਖ ਕੇ ਸੰਸਥਾ ਦੇ ਪੁਸਤਕਾਂ ਦੇ ਖਜਾਨੇ ਵਿੱਚ ਯੋਗਦਾਨ ਪਾਇਆ :



੧) ਆਤਮਿਕ ਫੁਲਵਾੜੀ ਦੀਆਂ ਮਹਿਕਾਂ, ੨) ਆਤਮਿਕ ਗੁਲਦਸਤਾ

**ਇੰਜੀਨੀਅਰ ਜਗਦੀਸ਼ ਸਿੰਘ :** ਸ. ਜਗਦੀਸ਼ ਸਿੰਘ ਜੀ ਚੰਡੀਗੜ੍ਹ ਦੇ ਪੀ. ਡਬਲਯੂ. ਡੀ. ਵਿਭਾਗ ਤੋਂ ਐਕਸੀਅਨ ਅਹੁਦੇ ਤੋਂ ਸੇਵਾ-ਮੁਕਤ ਹੋ ਕੇ, ਮਕਾਨ ੧੯੦, ਸੈਕਟਰ- ੪੪ ਏ ਵਿੱਚ ਰਹਿ ਰਹੇ ਹਨ। ਆਪ ਜੀ ੧੯੯੪ ਈ: ਵਿੱਚ ਸ.ਸਰਦਾਰਾ ਸਿੰਘ ਜੀ ਦੇ ਸੰਪਰਕ ਵਿੱਚ ਆਏ ਅਤੇ ਉਹਨਾਂ ਦੀ ਸਖਸ਼ੀਅਤ ਅਤੇ ਗੁਰਬਾਣੀ-ਲੰਗਰ ਲਈ ਸੇਵਾ ਸਮਰਪਨ ਨੂੰ ਵੇਖ ਕੇ ਬਹੁਤ ਪ੍ਰਭਾਵਿਤ ਹੋਏ। ਜਦੋਂ ਵੀ ਡਿਊਟੀ ਉਪਰੰਤ ਸਮਾਂ ਮਿਲਦਾ ਆਪ ਜੀ ਸ. ਸਰਦਾਰਾ ਸਿੰਘ ਜੀ ਦੀ ਸੰਗਤ ਕਰਦੇ, ਜੋ ਸੇਵਾ ਵੀ ਆਪ ਜੀ ਨੂੰ ਸੌਂਪੀ ਜਾਂਦੀ ਉਹ ਬੜੀ ਸ਼ਰਧਾ ਭਾਵਨਾ ਨਾਲ ਪੂਰਨ ਕਰਦੇ। ਸੰਸਥਾ ਦਾ ਜੋ ਵੀ ਕਾਰਜ ਕੀਤਾ ਜਾਂਦਾ ਉਸ ਵਿੱਚ ਵੀ ਸ਼ਾਮਲ ਹੁੰਦੇ। ਸ.ਸਰਦਾਰਾ ਸਿੰਘ ਜੀ ਐਤਵਾਰ ਵੀ ਸੰਸਥਾ ਵਿੱਚ ਆ ਜਾਂਦੇ ਸਨ, ਸ. ਜਗਦੀਸ਼ ਸਿੰਘ ਜੀ ਵੀ ਦਫ਼ਤਰ ਤੋਂ ਛੁੱਟੀ ਹੋਣ ਕਾਰਨ ਆ ਜਾਂਦੇ ਅਤੇ ਛੋਟੇ ਮੋਟੇ ਕੰਮ ਨਿਪਟਾਉਣ ਵਿੱਚ ਸਾਥੀ ਬਣਦੇ। ਭਾਈ ਸਾਹਿਬ ਕਈ ਵਾਰ ਸਮਾਜਿਕ ਜਿਮੇਵਾਰੀਆਂ ਨਿਭਾਉਣ ਲਈ ਵੀ ਸ.ਜਗਦੀਸ਼ ਸਿੰਘ ਨੂੰ ਸਾਥੀ ਦੇ ਰੂਪ ਵਿੱਚ ਨਾਲ ਲੈ ਜਾਂਦੇ ਸਨ।



ਸ. ਜਗਦੀਸ਼ ਸਿੰਘ ਜੀ ਅੱਜ ਵੀ ਯਾਦ ਕਰਦੇ ਹਨ ਕਿ ਉਹਨਾਂ ਦੀਆਂ ਘਰੇਲੂ ਮੁਸ਼ਕਲਾਂ ਹੱਲ ਕਰਨ ਲਈ ਸ.ਸਰਦਾਰਾ ਸਿੰਘ ਜੀ ਪ੍ਰੇਰਣਾ ਸਰੋਤ ਬਣ ਕੇ ਚੜ੍ਹਦੀ ਕਲਾ ਵਿੱਚ ਰਹਿਣ ਲਈ ਹਮੇਸਾਂ ਚਾਨਣ ਮੁਨਾਰੇ ਦਾ ਕੰਮ ਕਰਦੇ ਰਹੇ। ਆਪ ਜੀ ਦੱਸਦੇ ਹਨ ਕਿ ਸ. ਸਰਦਾਰਾ ਸਿੰਘ ਜੀ ਦੀ ਸੋਚ ਵਿੱਚ ਜੋ ਵੀ ਫੁਰਨਾ ਆਉਂਦਾ ਸੀ

ਉਹ ਹਮੇਸ਼ਾ ਹੀ ਅਨੁਕੂਲ ਸਮਾਂ ਆਉਣ ਤੇ ਪੂਰਨਤਾ ਲੈ ਜਾਂਦਾ ਸੀ ਅਤੇ ਇਹ ਸੰਸਥਾ ਦਾ ਹੋਂਦ ਵਿੱਚ ਵਿੱਚ ਆਉਣਾ ਵੀ ਇਸੇ ਗੱਲ ਦਾ ਪ੍ਰਮਾਣ ਹੈ।

ਉੱਚੇ ਅਹੁਦੇ ਤੋਂ ਰਿਟਾਇਰ ਹੋਣ ਦੇ ਬਾਵਜੂਦ, ਅੱਜ ਵੀ ਨਿਮਰਤਾ ਸਹਿਤ ਸੇਵਾ ਲਈ ਐਸੀ ਲਗਨ ਹੈ ਕਿ ਸੰਸਥਾ ਵਿੱਚ ਕੋਈ ਵੀ ਪ੍ਰੋਗਰਾਮ ਹੋਵੇ, ਆਪ ਜੀ ਬਹੁਤ ਦਿਲਚਸਪੀ ਅਤੇ ਲਗਨ ਨਾਲ ਸੇਵਾ ਨਿਭਾਉਂਦੇ ਹਨ।

ਸ. ਜਗਦੀਸ਼ ਸਿੰਘ ਜੀ ਦੱਸਦੇ ਹਨ ਕਿ ਸੰਸਥਾ ਦੇ ਆਪਣੇ ਭਵਨ ਨਿਰਮਾਣ ਵੇਲੇ ਇਹਨਾਂ ਦਾ ਅਤੇ ਕੁਝ ਹੋਰ ਸਹਿਯੋਗੀਆਂ ਦਾ ਵਿਚਾਰ ਸੀ ਕਿ ਜ਼ਰੂਰਤ ਦੀ ਮਾਇਆ ਸੰਗਤਾਂ ਕੋਲੋਂ ਇੱਕਠੀ ਕੀਤੀ ਜਾਵੇ। ਪਰ ਸ. ਸਰਦਾਰਾ ਸਿੰਘ ਜੀ ਦਾ ਵਿਚਾਰ ਸੀ ਬਾਬੇ ਨਾਨਕ ਦਾ ਕਾਰਜ ਹੈ ਉਹ ਆਪੇ ਕਰੇਗਾ, ਮੰਗਣ ਨਹੀਂ ਜਾਣਾ, ਚਿੰਤਾ ਨਹੀਂ ਕਰਨੀ ਗੁਰੂ ਆਪ ਸਹਾਈ ਹੋ ਕੇ ਸਾਰੇ ਕਾਰਜ ਪੂਰੇ ਕਰਨਗੇ। ਆਪ ਜੀ ਦੱਸਦੇ ਹਨ ਕਿ ਉਹ ਕੁਝ ਸਾਥੀ ਮਿਲ ਕੇ ਕੁਝ ਲੋਕਾਂ ਕੋਲ ਗਏ ਪਰ ਕਾਮਯਾਬ ਨਾ ਹੋਏ ਅਤੇ ਉਹੀ ਹੋਇਆ ਜੋ ਸ. ਸਰਦਾਰਾ ਸਿੰਘ ਜੀ ਕਹਿੰਦੇ ਸਨ। ਸੰਸਥਾ ਦੇ ਭਵਨ ਨਿਰਮਾਣ ਦੇ ਕਾਰਜਾਂ ਵਿੱਚ ਕਦੇ ਮਾਇਆ ਦੀ ਕਮੀ ਨਹੀਂ ਆਈ।

**ਸ੍ਰੀ ਸੁਦੇਸ਼ ਰਾਜ ਜੀ** : ਸੁਦੇਸ਼ ਰਾਜ ਜੀ ਸ.ਜਗਦੀਸ਼ ਸਿੰਘ ਦੇ ਸਹਿਕਰਮੀ ਸਨ। ਆਪ ਜੀ ਕਾਫੀ ਸਮਾਂ ਚੰਡੀਗੜ੍ਹ ਵਿੱਚ ਹੱਥੀ ਵੰਡ ਸੇਵਾ ਵੀ ਕਰਦੇ ਰਹੇ ਅਤੇ ਰਿਟਾਇਰ ਹੋਣ ਤੋਂ ਬਾਅਦ ਹਿਮਾਚਲ ਵਿੱਚ ਆਪਣੇ ਘਰ ਚਲੇ ਗਏ। ਹੁਣ ਵੀ ਆਪ ਸਮੇਂ ਸਮੇਂ ਆ ਕੇ ਸੰਸਥਾ ਵਿੱਚ ਸੇਵਾ ਨਿਭਾਉਂਦੇ ਰਹੇ ਹਨ। ਸਲਾਨਾ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਆਕੇ ਸੰਗਤ ਦੀ ਆਉ ਭਗਤ ਲਈ ਚਾਹ-ਲੰਗਰ ਦੀ ਸੇਵਾ ਨਿਭਾਉਂਦੇ ਆ ਰਹੇ ਹਨ।